ਮਿੱਠੇ ਬੱਚੇ:- "ਮਿੱਠੇ ਬੱਚੇ :- ਬਾਪ ਦਾ ਰਾਈਟ ਹੈਂਡ ਬਣ, ਸਰਵਿਸ ਦਾ ਸ਼ੌਂਕ ਰੱਖ ਸ਼੍ਰੀਮਤ ਤੇ ਪੂਰਾ - ਪੂਰਾ ਅਟੈਂਸ਼ਨ ਦਵੋ. ਅਖ਼ਬਾਰਾਂ ਵਿੱਚ ਕੋਈ ਸਰਵਿਸ ਦੀ ਗੱਲ ਨਿਕਲੇ ਤਾਂ ਉਸਨੂੰ ਪੜ੍ਹਕੇ ਸਰਵਿਸ ਵਿੱਚ ਲੱਗ ਜਾਓ"

ਪ੍ਰਸ਼ਨ:- ਬਾਪ ਦਾ ਨਾਮ ਤੁਸੀਂ ਬੱਚੇ ਕਦੋਂ ਬਾਲਾ ਕਰ ਸਕੋਂਗੇ?

ਉੱਤਰ:- ਜਦੋਂ ਤੁਹਾਡੀ ਚਲਣ ਬੜੀ ਰਾਇਲ ਅਤੇ ਗੰਭੀਰ ਹੋਵੇਗੀ। ਤੁਹਾਡੀ ਸ਼ਕਤੀਆਂ ਦੀ ਚਾਲ ਇਵੇਂ ਚਾਹੀਦੀ ਹੈ ਜਿਵੇਂ ਡੇਲ (ਮੋਰਨੀ) ਤੁਹਾਡੇ ਮੂੰਹ ਵਿੱਚੋਂ ਹਮੇਸ਼ਾ ਰਤਨ ਨਿਕਲਣੇ ਚਾਹੀਦੇ ਹਨ, ਪੱਥਰ ਨਹੀਂ। ਪੱਥਰ ਕੱਢਣ ਵਾਲੇ ਨਾਮ ਬਦਨਾਮ ਕਰਦੇ ਹਨ। ਫਿਰ ਉਹਨਾਂ ਦੀ ਪਦਵੀ ਵੀ ਭ੍ਰਿਸ਼ਟ ਹੋ ਜਾਂਦੀ ਹੈ। ਬਾਪ ਦਾ ਬਣਕੇ ਕੋਈ ਵੀ ਵਿਕਰਮ ਨਾ ਹੋਵੇ - ਇਸ ਗੱਲ ਦਾ ਪੂਰਾ - ਪੂਰਾ ਧਿਆਨ ਰੱਖਣਾ ਹੈ।

ਗੀਤ:- ਛੋੜ ਵੀ ਦੇ ਆਕਾਸ਼ ਸਿੰਹਾਸਨ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਯਾਦ ਕਰਦੇ ਹਨ - ਹੇ ਪਰਮਪਿਤਾ ਪਰਮਾਤਮਾ, ਨਿਰਾਕਾਰ ਰੂਪ ਬਦਲਕੇ ਸਾਕਾਰ ਵਿੱਚ ਆ ਜਾਓ। ਉਹ ਕੀ ਰੂਪ ਬਦਲੇਗਾ। ਇਵੇਂ ਤਾਂ ਨਹੀਂ ਕਹਾਂਗੇ ਕਿ ਕੱਛ - ਮੱਛ ਦਾ ਰੂਪ ਬਣਕੇ ਆਓ। ਨਹੀਂ। ਇਹ ਹੈ ਪਾਪ ਆਤਮਾਵਾਂ ਦੀ ਦੁਨੀਆਂ। ਪੁਕਾਰਦੇ ਹਨ ਪਾਵਨ ਬਣਾਉਣ ਦੇ ਲਈ। ਜੇਕਰ ਸਰਵਵਿਆਪੀ ਹਨ ਤਾਂ ਕਿਸਨੂੰ ਪੁਕਾਰਦੇ ਹਨ? ਹੁਣ ਇਹ ਗੀਤ ਤਾਂ ਰੇਡੀਓ ਵਿੱਚ ਵੀ ਜਾਕੇ ਵੱਜਦੇ ਹਨ। ਪਰ ਕੋਈ ਵੀ ਸਮਝਦੇ ਨਹੀਂ। ਹੁਣ ਤੁਸੀਂ ਬੱਚੀਆਂ ਅਖ਼ਬਾਰ ਆਦਿ ਤੇ ਪੜ੍ਹਦੀਆਂ ਨਹੀਂ ਹੋ। ਭਾਵੇਂ ਪੜ੍ਹੀਆਂ ਲਿਖੀਆਂ ਹੋ ਪਰ ਅਖ਼ਬਾਰ ਪੜ੍ਹਣ ਦਾ ਸ਼ੌਕ ਨਹੀਂ। ਬਾਕੀ ਰਹੇ ਗੋਪ, ਉਹਨਾਂ ਵਿੱਚ ਕਿਸੇ - ਕਿਸੇ ਨੂੰ ਸਰਵਿਸ ਦਾ ਸ਼ੌਕ ਰਹਿੰਦਾ ਹੈ ਕਿ ਕਿਸ ਤਰ੍ਹਾਂ ਕੋਈ ਅਖ਼ਬਾਰ ਤੋਂ ਕੋਈ ਸਰਵਿਸ ਦਾ ਰਸਤਾ ਕਢੀਏ। ਬ੍ਰਾਹਮਣ ਕੁਲਭੂਸ਼ਨ ਹਨ ਤਾਂ ਬਹੁਤ, ਪ੍ਰੰਤੂ ਉਨ੍ਹਾਂ ਵਿਚੋਂ ਵੀ ਕੋਟਾਂ ਵਿੱਚੋ ਕੋਈ ਨਿਕਲਦੇ ਹਨ ਜੋ ਅਖ਼ਬਾਰ ਵਿੱਚ ਦੇਖ ਫੌਰਨ ਸਰਵਿਸ ਕਰਨ ਲੱਗ ਪੈਂਦੇ ਹਨ। ਬਾਬਾ ਨੇ ਰਾਈਟ ਹੈਂਡ ਬਣਾਇਆ ਮਾਤਾਵਾਂ ਨੂੰ। ਗੋਪ ਮੁਸ਼ਿਕਲ ਖੜੇ ਹੁੰਦੇ ਹਨ, ਕੋਈ ਵਿਰਲਾ ਪੂਰੀ ਤਰ੍ਹਾਂ ਨਾਲ ਸ਼੍ਰੀਮਤ ਤੇ ਅਟੈਂਸ਼ਨ ਦਿੰਦੇ ਹਨ। ਇਹ ਇੱਕ ਪੁਆਇੰਟ ਹੈ - ਭ੍ਰਿਸ਼ਟਾਚਾਰ ਅਤੇ ਸ੍ਰੇਸਠਾਚਾਰ ਦੀ। ਭ੍ਰਿਸ਼ਟਾਚਾਰੀ ਪੁਕਾਰਦੇ ਹਨ ਕਿ - ਹੇ ਭਗਵਾਨ, ਆਓ, ਆਕੇ ਸ੍ਰੇਸਠਾਚਾਰੀ ਬਣਾਓ। ਸਭ ਭ੍ਰਿਸ਼ਟਾਚਾਰੀ ਜਰੂਰ ਹਨ। ਕਿਹਾ ਜਾਂਦਾ ਹੈ ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ। ਯਥਾ ਰਾਜਾ ਰਾਣੀ ਮਾਨਾ ਗੌਰਮਿੰਟ ਅਤੇ ਪ੍ਰਜਾ ਮਤਲਬ ਰੈਯਤ। ਤਾਂ ਬੱਚਿਆਂ ਨੂੰ ਸਮਝਾਇਆ ਗਿਆ ਹੈ ਕਿ ਭਾਰਤ ਸਦਾ ਸ਼੍ਰੇਸ਼ਠਾਚਾਰੀ ਸੀ, ਸਵਰਗ ਸੀ। ਸਵਰਗ ਵਿੱਚ ਵੀ ਜੇਕਰ ਭ੍ਰਿਸ਼ਟਾਚਾਰੀ ਹੋਣ ਤਾਂ ਉਹਨਾਂ ਨੂੰ ਸਵਰਗ ਕਿਵੇਂ ਕਿਹਾ ਜਾਏ? ਸਵਰਗ ਦੀ ਸਥਾਪਨਾ ਜਰੂਰ ਬਾਪ ਹੀ ਕਰਦੇ ਹੋਣਗੇ, ਜਿਸਨੂੰ ਹੀ ਯਾਦ ਕਰਦੇ ਹਨ। ਭ੍ਰਿਸ਼ਟਾਚਾਰੀ ਹੀ ਬੁਲਾਉਂਦੇ ਹਨ, ਸ਼੍ਰੇਸ਼ਠਾਚਾਰੀ ਕਦੀ ਬੁਲਾਉਂਦੇ ਨਹੀਂ। ਭਾਰਤ ਬੜਾ ਸ਼੍ਰੇਸ਼ਠਾਚਾਰੀ ਸੀ, ਸਵਰਗ ਸੀ, ਹੁਣ ਤਾਂ ਨਰਕ ਹੈ। ਤਾਂ ਨਰਕ ਵਿੱਚ ਜਰੂਰ ਭ੍ਰਿਸ਼ਟਾਚਾਰੀ ਹੋਣਗੇ। ਸ਼੍ਰੇਸ਼ਠਾਚਾਰੀ ਦਾ ਸਬੂਤ ਦਿਖਾਓ। ਤੁਸੀਂ ਚਿੱਤਰ ਦਿਖਾ ਸਕਦੇ ਹੋ - ਬਰੋਬਰ ਸਤਿਯੁਗ ਵਿੱਚ ਜਿਵੇਂ ਰਾਜਾ ਰਾਣੀ ਉਵੇਂ ਪ੍ਰਜਾ, ਇਹ ਲਕਸ਼ਮੀ - ਨਰਾਇਣ ਦੇਖੋ ਸ਼੍ਰੇਸ਼ਠਾਚਾਰੀ ਸਨ ਨਾ। ਨਾਮ ਹੀ ਹੈ ਸਵਰਗ। ਦਵਾਪਰ ਵਿੱਚ ਅਜਿਹੇ ਸ਼੍ਰੇਸ਼ਠਾਚਾਰੀ ਰਾਜਾ - ਰਾਣੀਆਂ ਦੇ ਮੰਦਿਰ ਬਣਾਕੇ ਪੂਜਾ ਕਰਦੇ ਹਨ। ਤਾਂ ਜਰੂਰ ਖੁਦ ਭ੍ਰਿਸ਼ਟਾਚਾਰੀ ਹਨ। ਆਪਣੇ ਆਪ ਨੂੰ ਕਹਿੰਦੇ ਵੀ ਹਨ ਕਿ ਅਸੀਂ ਭ੍ਰਿਸ਼ਟਾਚਾਰੀ ਹਾਂ, ਕਾਮੀ, ਕ੍ਰੋਧੀ, ਪਾਪੀ ਹਾਂ। ਤੁਸੀਂ ਸਰਵਗੁਣ ਸੰਪੰਨ …ਹੋ। ਭਾਰਤ ਵਿੱਚ ਭ੍ਰਿਸ਼ਟਾਚਾਰੀ, ਸ਼੍ਰੇਸ਼ਠਾਚਾਰੀ ਦੀ ਮਹਿਮਾ ਕਰਦੇ ਹਨ। ਭ੍ਰਿਸ਼ਟਾਚਾਰੀ ਰਾਜਾਵਾਂ ਦੇ ਕੋਲ ਸ਼੍ਰੇਸ਼ਠਾਚਾਰੀ ਦੇਵਤਾਵਾਂ ਦੇ ਮੰਦਿਰ ਹਨ। ਮਹਿਮਾ ਗਾਉਂਦੇ ਰਹਿੰਦੇ ਹਨ, ਨਮਨ, ਵੰਦਨ, ਪੂਜਾ ਕਰਦੇ ਰਹਿੰਦੇ ਹਨ। ਬਾਬਾ ਨੇ ਸਮਝਾਇਆ ਹੈ ਧਰਮ ਸਥਾਪਨ ਕਰਨ ਅਰਥ ਉਪਰ ਤੋਂ ਜੋ ਵੀ ਆਤਮਾਵਾਂ ਆਉਦੀਆਂ ਹਨ ਉਹ ਜ਼ਰੂਰ ਸਤੋਪ੍ਰਧਾਨ ਸ਼੍ਰੇਸ਼ਠਾਚਾਰੀ ਹੋਣਗੀਆਂ। ਭਾਵੇਂ ਮਾਇਆ ਦਾ ਰਾਜ ਹੈ। ਪਰ ਪਹਿਲੇ - ਪਹਿਲੇ ਆਉਣ ਵਾਲੇ ਜਰੂਰ ਸਤੋਪ੍ਰਧਾਨ ਹੋਣਗੇ ਤਾਂ ਹੀ ਉਹਨਾਂ ਦੀ ਮਹਿਮਾ ਹੁੰਦੀ ਹੈ। ਫਿਰ ਸਤੋ, ਰਜੋ, ਤਮੋਂ ਵਿੱਚ ਆਉਂਦੇ ਹਨ। ਦੇਵਤੇ ਵੀ ਸ਼੍ਰੇਸ਼ਠਾਚਾਰੀ ਸਨ। ਹਰੇਕ ਨੂੰ ਸਤੋ, ਰਜੋ, ਤਮੋਂ ਵਿੱਚ ਆਉਣਾ ਹੀ ਹੈ, ਭ੍ਰਿਸ਼ਟਾਚਾਰੀ ਬਣਨਾ ਹੀ ਹੈ। ਅਖਬਾਰਾਂ ਵਿੱਚ ਆਉਂਦਾ ਹੈ - ਕਈ ਸੰਸਥਾਵਾਂ ਜੋ ਭ੍ਰਿਸ਼ਟਾਚਾਰ ਨੂੰ ਬੰਦ ਕਰਨ ਦਾ ਪੁਰਸ਼ਾਰਥ ਕਰਦੀਆਂ ਹਨ। ਹੁਣ ਸ਼੍ਰੇਸ਼ਠਾਚਾਰੀ ਦੇਵਤਾਵਾਂ ਦੇ ਮੰਦਿਰ ਬਣਾਏ ਪੂਜਾ ਕਰਦੇ ਆਏ ਹਨ। ਤੁਸੀਂ ਹੀ ਪੂਜਯ ਸ਼੍ਰੇਸ਼ਠਾਚਾਰੀ ਸੀ ਫਿਰ ਤੁਸੀਂ ਹੀ ਪੁਜਾਰੀ ਭ੍ਰਿਸ਼ਟਾਚਾਰੀ ਫਿਰ ਪੂਜਯ ਦੇਵੀ - ਦੇਵਤਾਵਾਂ ਦੀ ਬੈਠ ਪੂਜਾ ਕਰਦੇ ਹਨ। ਹੁਣ ਤੁਸੀਂ ਲਿਖ ਸਕਦੇ ਹੋ ਕਿ ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ ਸਤਿਯੁਗ ਵਿੱਚ ਸ਼੍ਰੇਸ਼ਠਾਚਾਰੀ ਸੀ, ਵਾਈਸਲੇਸ ਵਰਲਡ ਸੀ। ਬਾਅਦ ਵਿੱਚ ਫਿਰ ਕਲਾਵਾਂ ਘੱਟ ਹੁੰਦੀਆਂ ਹਨ। ਭਾਰਤ ਨੂੰ ਥੱਲੇ ਆਉਣਾ ਹੀ ਹੈ। ਇਹ ਖੇਡ ਹੀ ਭਾਰਤ ਤੇ ਹੈ। ਅੱਧਾਕਲਪ ਭਾਰਤ ਸ਼੍ਰੇਸ਼ਠਾਚਾਰੀ ਸੀ। ਸਦਾ ਇੱਕਰਸ ਵੀ ਨਹੀਂ ਰਹਿੰਦੇ। 16 ਕ੍ਲਾ ਤੋਂ 14 ਕਲਾ ਵਿੱਚ ਤਾਂ ਆਉਣਾ ਹੀ ਹੈ। ਹੌਲੀ - ਹੌਲੀ ਕਲਾਵਾਂ ਘੱਟ ਹੁੰਦੀਆਂ ਜਾਂਦੀਆਂ ਹਨ। ਤਮੋਪ੍ਰਧਾਨ ਬਣ ਜਾਂਦੇ ਹਨ। ਬਾਪ ਕਹਿੰਦੇ ਹਨ ਜਦੋਂ - ਜਦੋਂ ਅਤਿ ਭ੍ਰਿਸ਼ਟਾਚਾਰ ਹੁੰਦਾ ਹੈ। ਉਦੋਂ ਮੈਂ ਆਉਂਦਾ ਹਾਂ। ਪਤਿਤ ਨੂੰ ਭ੍ਰਿਸ਼ਟਾਚਾਰੀ, ਪਾਵਨ ਨੂੰ ਸ਼੍ਰੇਸ਼ਠਾਚਾਰੀ ਕਹਾਂਗੇ। ਇਹ ਤਾਂ ਬਿਲਕੁਲ ਸਮਝ ਦੀ ਗੱਲ ਹੈ।

ਸ਼੍ਰੀਮਤ ਭਗਵਤ ਗੀਤਾ ਕਿਹਾ ਜਾਂਦਾ ਹੈ। ਸ਼੍ਰੀਮਤ ਕੀ ਕਰਦੀ ਹੈ? ਉਹ ਤਾਂ ਸ਼੍ਰੇਸ਼ਠ ਰਾਜਿਆਂ ਦਾ ਰਾਜਾ ਬਣਾਉਂਦੀ ਹੈ। ਕਹਿੰਦੇ ਹਨ

ਇਸ ਮਾਇਆ ਤੇ ਜਿੱਤ ਪਾਓ ਤਾਂ ਤੁਸੀਂ ਪ੍ਰਿੰਸ - ਪ੍ਰਿੰਸੇਸ ਬਣੋਗੇ। ਭੇਟ ਕਰਨੀ ਹੈ - ਕ੍ਰਾਇਸਟ ਨਾਲ 3 ਹਜ਼ਾਰ ਵਰ੍ਹੇ ਪਹਿਲੇ ਭਾਰਤ 16 ਕਲਾ ਸੰਪੂਰਨ ਸ਼੍ਰੇਸ਼ਠਾਚਾਰੀ ਸੀ। ਭਾਰਤ ਸੋਨੇ ਦੀ ਚਿੜੀਆਂ ਸੀ। ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ ਸਵਰਗ ਵਿੱਚ ਸੁਖੀ ਸਨ ਫਿਰ ਜਦੋਂ ਤੋਂ ਰਾਵਣ ਰਾਜ ਸ਼ੁਰੂ ਹੁੰਦਾ ਹੈ ਤਾਂ ਭ੍ਰਿਸ਼ਟਾਚਾਰੀ ਬਣਨ ਲਗਦੇ ਹਨ। ਖੁਦ ਹੀ ਕਹਿੰਦੇ ਹਨ ਸਾਡੇ ਆਫਿਸ ਵਿੱਚ ਭ੍ਰਿਸ਼ਟਾਚਾਰ ਹੈ। ਰਾਜਾ - ਰਾਣੀ ਤੇ ਹੈ ਨਹੀਂ ਜੋ ਕਹਿਣ ਪ੍ਰਜਾ ਵਿੱਚ ਭ੍ਰਿਸ਼ਟਾਚਾਰ ਹੈ। ਇੱਥੇ ਤੇ ਹੈ ਹੀ ਪ੍ਰਜਾ ਦਾ ਪ੍ਰਜਾ ਤੇ ਰਾਜ। ਸਭ ਭ੍ਰਿਸ਼ਟਾਚਾਰੀ ਹਨ। ਪਹਿਲੇ ਤੇ ਗੌਰਮਿੰਟ ਸ਼੍ਰੇਸ਼ਠਾਚਾਰੀ ਬਣਨੀ ਚਾਹੀਦੀ ਹੈ। ਉਹਨਾਂ ਨੂੰ ਕੌਣ ਬਣਾਵੇ? ਹੁਣ ਤੁਸੀਂ ਗਰੀਬ ਬੱਚੀਆਂ ਹੀ ਨੰਬਰਵਨ ਸ਼੍ਰੇਸ਼ਠਾਚਾਰੀ ਬਣ ਰਹੀਆਂ ਹੋ। ਬਾਪ ਕਹਿੰਦੇ ਹਨ ਕਿ ਮੈਂ ਆਕੇ ਸਭਨੂੰ ਸ਼੍ਰੇਸ਼ਠਾਚਾਰੀ ਬਣਾਉਂਦਾ ਹਾਂ। ਡਰਾਮੇ ਅਨੁਸਾਰ ਇਹ ਸਾਰਾ ਖੇਡ ਬਣਿਆ ਹੋਇਆ ਹੈ। ਫਿਰ ਵੀ ਉਹ ਹੀ ਗੀਤਾ ਚਿਤ੍ਰ ਆਦਿ ਨਿਕਲਣਗੇ। ਹੁਣ ਬੰਗਾਲ ਵਿੱਚ ਕਾਲੀ ਦਾ ਮੰਦਿਰ ਹੈ। ਕਾਲੀ ਮਾਂ - ਮਾਂ ਕਹਿ ਪ੍ਰਾਣ ਦਿੰਦੇ ਹਨ। ਹੁਣ ਇਵੇਂ ਦੀ ਕਾਲੀ ਮਾਂ ਅਤੇ ਚੰਡਿਕਾ ਦੇਵੀ ਕਿਥੋਂ ਆਈ? ਨਾਮ ਤੇ ਦੇਖੋ ਕਿਵੇਂ ਦਾ ਹੈ। ਜੋ ਭੰਗਤੀ ਹੁੰਦੇ ਹਨ ਉਹ ਤਾਂ ਪ੍ਰਜਾ ਵਿੱਚ ਚੰਡਾਲ ਬਣਦੇ ਹਨ। ਪਰ ਜੋ ਇੱਥੇ ਰਹਿਕੇ ਵਿਕਰਮ ਆਦਿ ਕਰਦੇ ਹਨ ਉਹ ਰਾਇਲ ਘਰਾਣੇ ਦੇ ਚੰਡਾਲ ਬਣਦੇ ਹਨ। ਫਿਰ ਵੀ ਪਿਛਾੜੀ ਵਿੱਚ ਉਹਨਾਂ ਨੂੰ ਤਾਜ ਮਿਲ ਜਾਂਦੀ ਹੈ ਕਿਉਂਕਿ ਇੱਥੇ ਗੋਦ ਤੇ ਲੈਂਦੇ ਹਨ ਨਾ, ਇਸਲਈ ਚੰਡਿਕਾ ਦੇਵੀ ਦੀ ਪੂਜਾ ਹੁੰਦੀ ਹੈ। ਗਿਆਨ ਤੇ ਬਹੁਤ ਗੁਹੇ ਹੈ ਪਰ ਕੋਈ ਧਾਰਨਾ ਕਰੇ। ਜਿਵੇਂ ਬੈਰਿਸਟਰ ਕੋਈ ਤਾਂ ਲੱਖ ਕਮਾਉਂਦੇ, ਕਿਸੇ ਦਾ ਕੋਟ ਵੀ ਫਟਿਆ ਰਹਿੰਦਾ ਹੈ। ਇਹ ਤਾਂ ਪੜ੍ਹਾਈ ਹੈ ਬੇਹੱਦ ਦੀ। ਬਾਪ ਨੇ ਜੋ ਵਿਸਤਾਰ ਵਿੱਚ ਸਮਝਾਇਆ ਹੈ ਉਸਨੂੰ ਸਾਰ ਵਿੱਚ ਲਿਆਕੇ 5 ਮਿੰਟ ਦਾ ਭਾਸ਼ਣ ਬਣਾਏ ਅਖ਼ਬਾਰ ਵਿੱਚ ਪਾਉਣਾ ਚਾਹੀਦਾ ਹੈ। ਇਹ ਵੀ ਪੁੱਛਣਾ ਚਾਹੀਦਾ ਹੈ ਕਿ ਭਲਾ ਹਿੰਦੂ ਧਰਮ ਕਿਸਨੇ ਸਥਾਪਨ ਕੀਤਾ? ਤਾਂ ਦੱਸ ਨਹੀਂ ਸਕਣਗੇ। ਕੁਝ ਨਹੀਂ ਜਾਣਦੇ। ਤੁਸੀਂ ਸ਼ਕਤੀਆਂ ਦੀ ਚਲਣ ਇਵੇਂ ਦੀ ਗੰਭੀਰ ਹੋਣੀ ਚਾਹੀਦੀ ਹੈ ਜਿਵੇਂ ਡੇਲ (ਮੋਰਨੀ) ਚਲਦੀ ਹੈ। ਮੁਖ ਤੋਂ ਰਤਨ ਨਿਕਲਦੇ ਰਹਿਣ, ਪੱਥਰ ਨਹੀਂ। ਉਹ ਤਾਂ ਪੱਥਰ ਮਾਰਨਗੇ। ਤੁਸੀਂ ਕਦੀ ਪੱਥਰ ਨਹੀਂ ਮਾਰੋ। ਨਾਮ ਬਦਨਾਮ ਨਾ ਕਰੋ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤਰੀ ਕਲਾਸ:- ਇੱਥੇ ਚੰਗੇ ਮਾੜੇ ਮਨੁੱਖ ਹਨ। ਸਤਿਯੁਗ ਵਿੱਚ ਇਵੇਂ ਦੇ ਅੱਖਰ ਨਹੀਂ ਨਿਕਲਣਗੇ। ਬੁਰਾ ਜਾਂ ਪਾਪ ਆਤਮਾ ਅੱਖਰ ਨਹੀਂ ਨਿਕਲੇਗਾ। ਉੱਥੇ ਹੈ ਹੀ ਵਾਈਸਲੇਸ ਵਰਲਡ। ਬੱਚੇ ਜਾਣਦੇ ਹਨ - ਅਸੀਂ ਵਿਸ਼ਵ ਦੇ ਮਾਲਿਕ ਸੀ। ਇਹ ਭਾਰਤ ਜੋ ਦੇਵੀ - ਦੇਵਤਾਵਾਂ ਦਾ ਰਾਜਸਥਾਨ ਸੀ, ਹੁਣ ਪੁਰਾਣਾ ਹੈ। ਮਨੁੱਖ ਨਹੀਂ ਜਾਣਦੇ ਹਨ - ਇਹ ਹੈ ਸੰਗਮਯੁਗ। ਹੁਣ ਇਥੋਂ ਤੋਂ ਲੰਗਰ ਚੁੱਕਿਆ ਹੋਇਆ ਹੈ। ਅਸੀਂ ਇਸ ਦੁਨੀਆਂ ਤੋਂ ਪਾਰ ਜਾਂਦੇ ਹਾਂ। ਖਵਇਆ ਹਨ ਨਾ। ਨੋਕਾਂ ਨੂੰ ਪਾਰ ਲੈ ਜਾਂਦੇ ਹਨ। ਬੱਚਿਆਂ ਦੀ ਬੁੱਧੀ ਵਿੱਚ ਹੈ - ਬਹੁਤ ਧੱਕੇ ਖਾਦੇ ਹਨ। ਭਗਤ ਨਹੀਂ ਜਾਣਦੇ ਹਨ - ਅਸੀਂ ਧੱਕੇ ਖਾਂਦੇ ਹਾਂ। ਉਹ ਤਾਂ ਦੂਰ - ਦੂਰ ਜਾਂਦੇ ਹਨ। ਤੁਹਾਨੂੰ ਬੱਚਿਆਂ ਨੂੰ ਸਿਰਫ਼ ਯਾਦ ਕਰਨਾ ਹੈ। ਇਵੇਂ ਨਹੀਂ ਕਿ ਅਸੀਂ ਯਾਦ ਕਰਦੇ ਥੱਕ ਜਾਂਦੇ ਹਾਂ। ਪਰ ਮਾਇਆ ਵਿਘਣ ਪਾਉਂਦੀ ਹੈ। ਆਤਮਾ ਹੀ ਪਰਮਾਤਮਾ ਦੀ ਆਸ਼ਿਕ ਹੁੰਦੀ ਹੈ - ਇਹ ਕੋਈ ਨਹੀਂ ਜਾਣਦੇ। ਪਰਮਾਤਮਾ ਮਾਸ਼ੂਕ ਹੈ। ਤਾਂ ਬੱਚਿਆਂ ਵਿੱਚ ਵੀ ਕੋਈ ਬਹੁਤ ਆਸ਼ਿਕ ਹਨ, ਮਾਸ਼ੂਕ ਨੂੰ ਯਾਦ ਕਰਦੇ ਹਨ। ਪੁਰਸ਼ਾਰਥ ਕਰਨਾ ਹੈ - ਅਸੀਂ ਨਿਰੰਤਰ ਯਾਦ ਕਰਦੇ ਰਹੀਏ। 'ਸਿਮਰਨ' ਅੱਖਰ ਵੀ ਭਗਤੀਮਾਰਗ ਦਾ ਹੈ। ਅਸੀਂ ਬਾਬਾ ਨੂੰ ਯਾਦ ਕਰਦੇ ਹਾਂ। ਪ੍ਰਵ੍ਰਿਤੀ ਮਾਰਗ ਦਾ ਅੱਖਰ ਹੈ 'ਯਾਦ'। ਬਹੁਤ ਮਿੱਠਾ ਵੀ ਹੈ। ਕਹਿੰਦੇ ਹਨ ਅਸੀਂ ਭੁੱਲ ਜਾਂਦੇ ਹਾਂ। ਅਰੇ, ਬੱਚਾ ਕਹਿ ਥੋੜੇ ਹੀ ਸਕਦਾ ਹੈ ਕਿ ਅਸੀਂ ਬਾਪ ਨੂੰ ਭੁੱਲ ਜਾਂਦੇ ਹਾਂ। ਯਾਦ ਤਾਂ ਬਹੁਤ ਵਧੀਆ ਹੈ। ਆਪਣੇ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ। ਤੁਸੀਂ ਮਾਤ - ਪਿਤਾ ਦੇ ਸਮੁੱਖ ਬੈਠੇ ਹੋ। ਖੁਸ਼ੀ ਵੀ ਹੋਣੀ ਚਾਹੀਦੀ ਹੈ। ਜਿਸਦੇ ਲਈ ਕਹਿੰਦੇ ਸੀ - ਤੁਸੀਂ ਮਾਤ ਪਿਤਾ …। ਬਰੋਬਰ ਅਸੀਂ ਵਰਸਾ ਪਾ ਰਹੇ ਹਾਂ। ਯਾਦ ਦੀ ਹੀ ਮਿਹਨਤ ਹੈ। ਤੁਹਾਡੀ ਬਹੁਤ ਆਮਦਨੀ ਹੈ, ਬਹੁਤ ਵੱਡੀ ਪ੍ਰਾਪਤੀ ਹੈ। ਸਿਰਫ਼ ਚੁੱਪ ਰਹਿ ਕੇ ਯਾਦ ਕਰਨਾ ਹੈ। ਅੱਛਾ।

2- ਤੁਸੀਂ ਬ੍ਰਾਹਮਣ ਬੱਚਿਆਂ ਬਿਗਰ ਵੀ ਇਹ ਕਿਸੇ ਨੂੰ ਪਤਾ ਨਹੀਂ ਹੈ ਕਿ ਸੰਗਮਯੁਗ ਕਦੋਂ ਹੁੰਦਾ ਹੈ। ਇਸ ਕਲਪ ਦੇ ਸੰਗਮ ਯੁਗ ਦੀ ਮਹਿਮਾ ਬਹੁਤ ਹੈ। ਬਾਪ ਆਕੇ ਰਾਜਯੋਗ ਸਿਖਾਉਂਦੇ ਹਨ। ਸਤਿਯੁਗ ਦੇ ਲਈ ਤਾਂ ਜਰੂਰ ਸੰਗਮਯੁਗ ਹੀ ਆਏਗਾ। ਹੈ ਵੀ ਮਨੁੱਖ। ਉਹਨਾਂ ਵਿੱਚ ਕੋਈ ਕਨਿਸ਼ਟ, ਕੋਈ ਉਤਮ ਹੈ। ਉਹਨਾਂ ਦੇ ਅੱਗੇ ਮਹਿਮਾ ਗਾਉਂਦੇ ਹਨ। ਤੁਸੀਂ ਪੁਰਸ਼ੋਤਮ ਹੋ, ਹਮ ਕਨਿਸ਼ਟ ਹੈ। ਆਪ ਹੀ ਦੱਸਦੇ ਹਨ ਕਿ ਮੈਂ ਇਵੇਂ ਹਾਂ, ਇਵੇਂ ਹਾਂ।

ਹੁਣ ਇਸ ਸੰਗਮਯੁਗ ਨੂੰ ਤੁਸੀਂ ਬ੍ਰਾਹਮਣ ਬਿਗਰ ਕੋਈ ਵੀ ਨਹੀਂ ਜਾਣਦੇ। ਇਹਨਾਂ ਦੀ ਐਡਵਰਟਈਜ਼ਮੈਂਟ ਕਿਵੇਂ ਕਰੀਏ ਜੋ ਮਨੁੱਖਾਂ ਨੂੰ ਪਤਾ ਲੱਗੇ। ਸੰਗਮਯੁਗ ਵਿੱਚ ਭਗਵਾਨ ਹੀ ਆਕੇ ਰਾਜਯੋਗ ਸਿਖਾਉਂਦੇ ਹਨ। ਤੁਸੀਂ ਜਾਣਦੇ ਹੋ ਅਸੀਂ ਰਾਜਯੋਗ ਸਿੱਖ ਰਹੇ ਹਾਂ। ਹੁਣ ਅਜਿਹੀ ਕੀ ਯੁਕਤੀ ਰਚੀਏ ਜੋ ਮਨੁੱਖਾਂ ਨੂੰ ਪਤਾ ਲੱਗੇ। ਪਰ ਹੋਵੇਗਾ ਹੌਲੀ। ਹਾਲੇ ਸਮਾਂ ਪਿਆ ਹੈ ਬਹੁਤ ਗਈ ਥੋੜੀ ਰਹੀ…। ਅਸੀਂ ਕਹਿੰਦੇ ਹਾਂ ਮਨੁੱਖ ਜਲਦੀ ਹੀ ਪੁਰਸ਼ਾਰਥ ਕਰਨ। ਨਹੀਂ ਤਾਂ ਗਿਆਨ ਸੈਕੰਡ ਵਿੱਚ ਮਿਲਦਾ ਹੈ, ਜਿਸ ਨਾਲ ਤੁਸੀਂ ਉਸ ਸਮੇਂ ਸੈਕਿੰਡ ਵਿੱਚ ਜੀਵਨਮੁਕਤੀ ਪਾ ਲਵੋਂਗੇ। ਪਰ ਤੁਹਾਡੇ ਸਿਰ ਅੱਧਾਕਲਪ ਦੇ ਪਾਪ ਹਨ, ਉਹ ਵੀ ਥੋੜੀ ਹੀ ਸੈਕਿੰਡ ਵਿੱਚ ਕੱਟਣਗੇ। ਇਸ ਵਿੱਚ ਤੇ ਟਾਇਮ ਲੱਗਦਾ ਹੈ। ਮਨੁੱਖ ਸਮਝਦੇ ਹਨ ਹਾਲੇ ਤਾਂ ਸਮਾਂ ਪਿਆ ਹੈ, ਹਾਲੇ ਅਸੀਂ ਬ੍ਰਾਹਮਾਕੁਮਾਰੀਆਂ ਦੇ ਕੋਲ ਕਿਉਂ ਜਾਈਏ। ਤਕਦੀਰ ਵਿੱਚ ਨਹੀਂ ਹੈ ਤਾਂ ਲਿਟਰੇਚਰ ਵਿਚੋਂ ਵੀ ਉਲਟਾ ਉਠਾ ਲੈਂਦੇ ਹਨ। ਤੁਸੀਂ ਸਮਝਦੇ ਹੋ ਇਹ ਸੰਗਮਯੁਗ ਪੁਰਸ਼ੋਤਮ ਬਣਨ ਦਾ

ਯੁਗ ਹੈ। ਹੀਰੇ ਵਰਗਾ ਗਾਇਨ ਹੈ ਨਾ। ਫਿਰ ਘੱਟ ਹੋ ਜਾਂਦਾ ਹੈ। ਗੋਲਡਨ ਏਜਡ, ਸਿਲਵਰ ਏਜਡ। ਇਹ ਸੰਗਮਯੁਗ ਹੈ ਡਾਇਮੰਡ ਏਜ। ਸਤਿਯੁਗ ਹੈ ਗੋਲਡਨ ਏਜ਼। ਇਹ ਤੁਸੀਂ ਜਾਣਦੇ ਹੋ ਸਵਰਗ ਤੋਂ ਵੀ ਇਹ ਸੰਗਮ ਵਧੀਆ ਹੈ, ਹੀਰੇ ਜਿਹਾ ਜਨਮ ਹੈ। ਅਮਰਲੋਕ ਦਾ ਗਾਇਨ ਹੈ ਨਾ। ਫਿਰ ਘੱਟ ਹੁੰਦਾ ਜਾਂਦਾ ਹੈ। ਤਾਂ ਇਹ ਵੀ ਲਿਖ ਸਕਦੇ ਹੋ ਪੁਰਸ਼ੋਤਮ ਸੰਗਮਯੁਗ ਹੈ ਡਾਇਮੰਡ, ਸਤਿਯੁਗ ਹੈ ਗੋਲਡਨ, ਤ੍ਰੇਤਾ ਹੈ ਸਿਲਵਰ ...। ਇਹ ਵੀ ਤੁਸੀਂ ਸਮਝਾ ਸਕਦੇ ਹੋ - ਸੰਗਮ ਤੇ ਹੀ ਅਸੀਂ ਮਨੁੱਖ ਤੋਂ ਦੇਵਤਾ ਬਣਦੇ ਹਾਂ। ਅੱਠ ਰਤਨਾਂ ਦੀ ਅੰਗੂਠੀ ਬਣਾਉਂਦੇ ਹਨ, ਤੇ ਡਾਇਮੰਡ ਨੂੰ ਵਿੱਚ ਰੱਖਿਆ ਜਾਂਦਾ ਹੈ। ਸੰਗਮ ਦਾ ਸ਼ੋ ਹੁੰਦਾ ਹੈ। ਸੰਗਮਯੁਗ ਹੈ ਹੀ ਹੀਰੇ ਵਰਗਾ। ਹੀਰੇ ਦਾ ਮਾਨ ਸੰਗਮਯੁਗ ਤੇ ਹੈ। ਯੋਗ ਆਦਿ ਸਿਖਾਉਂਦੇ ਹਨ, ਜਿਸਨੂੰ ਸਪ੍ਰੀਚੁਅਲ ਯੋਗ ਕਹਿੰਦੇ ਹਨ। ਪਰ ਸਪ੍ਰੀਚੁਅਲ ਤਾਂ ਫ਼ਾਦਰ ਹੀ ਹੈ। ਰੂਹਾਨੀ ਫ਼ਾਦਰ ਅਤੇ ਰੂਹਾਨੀ ਨਾਲੇਜ ਸੰਗਮ ਤੇ ਹੀ ਮਿਲਦੀ ਹੈ। ਮਨੁੱਖ ਜਿਨ੍ਹਾਂ ਵਿੱਚ ਦੇਹ ਹੰਕਾਰ ਹੈ, ਉਹ ਇਨਾਂ ਜਲਦੀ ਕਿਵੇਂ ਮੰਨਣਗੇ। ਗਰੀਬ ਆਦਿ ਨੂੰ ਸਮਝਾਇਆ ਜਾਂਦਾ ਹੈ। ਤਾਂ ਇਹ ਵੀ ਲਿਖਣਾ ਹੈ ਸੰਗਮਯੁਗ ਇਜ ਡਾਇਮੰਡ। ਉਸਦੀ ਉਮਰ ਐਨੀ। ਸਤਿਯੁਗ ਗੋਲਡਨ ਏਜ ਤਾਂ ਉਹਨਾਂ ਦੀ ਉਮਰ ਐਨੀ। ਸ਼ਾਸਤਰਾਂ ਵਿੱਚ ਵੀ ਸ੍ਵਸਤਿਕਾ ਕੱਢਦੇ ਹਨ। ਤਾਂ ਤੁਹਾਨੂੰ ਬੱਚਿਆਂ ਨੂੰ ਵੀ ਇਹ ਯਾਦ ਰਹੇ ਤਾਂ ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ। ਸਟੂਡੈਂਟਸ ਨੂੰ ਖੁਸ਼ੀ ਹੁੰਦੀ ਹੈ ਨਾ। ਸਟੂਡੈਂਟ ਲਾਈਫ ਇਜ ਦੀ ਬੇਸਟ ਲਾਇਫ। ਇਹ ਤਾਂ ਸੋਰਸ ਆਫ਼ ਇਨਕਮ ਹੈ। ਇਹ ਹੈ ਮਨੁੱਖ ਤੋਂ ਦੇਵਤਾ ਬਣਨ ਦੀ ਪਾਠਸ਼ਾਲਾ। ਦੇਵਤੇ ਤੇ ਵਿਸ਼ਵ ਦੇ ਮਾਲਿਕ ਸਨ। ਇਹ ਵੀ ਤੁਹਾਨੂੰ ਪਤਾ ਹੈ। ਤਾਂ ਅਥਾਹ ਖੁਸ਼ੀ ਹੋਣੀ ਚਾਹੀਦੀ ਹੈ, ਇਸਲਈ ਗਾਇਨ ਹੈ ਅਤਿਇੰਦ੍ਰੀਆ ਸੁਖ ਗੋਪੀ ਵੱਲਭ ਦੇ ਗੋਪ ਗੋਪੀਆਂ ਤੋਂ ਪੁੱਛੋ। ਟੀਚਰ ਅੰਤ ਤੱਕ ਪੜ੍ਹਾਉਂਦੇ ਹਨ ਤਾਂ ਉਹਨਾਂ ਨੂੰ ਅੰਤ ਤੱਕ ਯਾਦ ਕਰਨਾ ਚਾਹੀਦਾ ਹੈ। ਭਗਵਾਨ ਪੜ੍ਹਾਉਂਦੇ ਹਨ ਅਤੇ ਫਿਰ ਭਗਵਾਨ ਨਾਲ ਵੀ ਲੈ ਜਾਣਗੇ। ਪੁਕਾਰਦੇ ਵੀ ਹਨ ਲੀਬ੍ਰੇਟਰ, ਗਾਈਡ। ਦੁੱਖ ਤੋਂ ਛੁਡਾਓ। ਸਤਿਯੁਗ ਵਿੱਚ ਦੁੱਖ ਹੁੰਦਾ ਹੀ ਨਹੀਂ। ਕਹਿੰਦੇ ਹਨ ਵਿਸ਼ਵ ਵਿੱਚ ਸ਼ਾਂਤੀ ਹੋਵੇ। ਬੋਲੋ, ਅੱਗੇ ਕਦੋਂ ਸੀ? ਉਹ ਕਿਹੜਾ ਯੁੱਗ ਸੀ? ਕਿਸੇਨੂੰ ਪਤਾ ਨਹੀਂ ਹੈ। ਰਾਮ ਰਾਜ ਸਤਿਯੁਗ, ਰਾਵਣ ਰਾਜ ਕਲਿਯੁਗ। ਇਹ ਤਾਂ ਜਾਣਦੇ ਹੋ ਨਾ। ਬੱਚਿਆਂ ਨੂੰ ਅਨੁਭਵ ਸੁਣਾਉਣਾ ਚਾਹੀਦਾ ਹੈ। ਬਸ ਕੀ ਸੁਣਾਵਾਂ ਦਿਲ ਦੀ ਗੱਲ। ਬੇਹੱਦ ਦੇ ਬਾਪ ਕੋਲੋਂ ਬੇਹੱਦ ਦੀ ਬਾਦਸ਼ਾਹੀ ਦੇਣ ਵਾਲਾ ਮਿਲਿਆ ਹੋਰ ਕੀ ਅਨੁਭਵ ਸੁਣਾਵਾਂ। ਹੋਰ ਕੋਈ ਗੱਲ ਹੀ ਨਹੀਂ। ਇਸ ਵਰਗੀ ਖੁਸ਼ੀ ਹੋਰ ਕੋਈ ਹੁੰਦੀ ਹੀ ਨਹੀਂ। ਕਦੀ ਵੀ ਕਿਸੇ ਨਾਲ ਰੁਸਕੇ ਅਸਲ ਵਿੱਚ ਘਰ ਵਿੱਚ ਨਹੀਂ ਬੈਠਣਾ ਚਾਹੀਦਾ ਹੈ। ਇਹ ਜਿਵੇਂ ਆਪਣੀ ਤਕਦੀਰ ਨਾਲ ਰੁਸਨਾ ਹੈ। ਪੜ੍ਹਾਈ ਨਾਲ ਰੁੱਸਿਆ ਤੇ ਕੀ ਸਿੱਖਣਗੇ। ਬਾਪ ਨੂੰ ਪੜ੍ਹਾਉਣਾ ਹੀ ਹੈ - ਬ੍ਰਹਮਾ ਦਵਾਰਾ। ਤਾਂ ਇੱਕ ਦੋ ਨਾਲ ਕਦੀ ਰੁੱਸਣਾ ਨਹੀਂ ਚਾਹੀਦਾ ਹੈ। ਇਹ ਹੈ ਮਾਇਆ। ਯੱਗ ਵਿੱਚ ਅਸੁਰਾਂ ਦੇ ਵਿਘਣ ਤੇ ਪੈਂਦੇ ਹਨ ਨਾ। ਅੱਛਾ!

ਮਿੱਠੇ- ਮਿੱਠੇ ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਅਤੇ ਦਾਦਾ ਦਾ ਯਾਦ ਪਿਆਰ ਅਤੇ ਗੁੱਡਨਾਇੱਟ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸ਼੍ਰੀਮਤ ਤੇ ਸ਼੍ਰੇਸ਼ਠਾਚਾਰੀ ਬਣਕੇ ਸ਼੍ਰੇਸ਼ਠਾਚਾਰੀ ਬਨਾਉਣ ਦੀ ਸੇਵਾ ਕਰਨੀ ਹੈ। ਕੋਈ ਇਵੇਂ ਦੀ ਚੱਲਣ ਨਹੀਂ ਚਲਣੀ ਜਿਸ ਨਾਲ ਨਾਮ ਬਦਨਾਮ ਹੋਵੇ। ਮੁਖ ਤੋਂ ਸਦਾ ਗਿਆਨ ਰਤਨ ਕੱਢਣੇ ਹਨ, ਪੱਥਰ ਨਹੀਂ।

**2** ਬੇਹੱਦ ਦੇ ਗੁਹੇ ਪੜ੍ਹਾਈ ਨੂੰ ਵਿਸਤਾਰ ਨਾਲ ਸੁਣਦੇ ਉਸ ਦੇ ਸਾਰ ਵਿੱਚ ਸਮਾਕੇ ਦੂਸਰਿਆਂ ਦੀ ਸੇਵਾ ਕਰਨੀ ਹੈ। ਸ਼੍ਰੀਮਤ ਤੇ ਪੂਰਾ ਅਟੈਂਸ਼ਨ ਦੇਣਾ ਹੈ।

ਵਰਦਾਨ:- ਆਪਣੇ ਕਰਮ ਅਤੇ ਸਥਿਤੀ ਦਵਾਰਾ ਬ੍ਰਹਮਾ ਬਾਪ ਨੂੰ ਸਪੱਸ਼ਟ ਦੇਖਣ ਵਾਲੇ ਮਾਸਟਰ ਬ੍ਰਹਮਾ ਭਵ

ਜਿਵੇਂ ਬ੍ਰਹਮਾ ਬਾਪ ਦਾ ਨਿਜ਼ੀ ਸੰਸਕਾਰ ਸੀ "ਪਹਿਲੇ ਆਪ"। ਕਿਸੇ ਵੀ ਸਥਾਨ ਵਿੱਚ ਪਹਿਲੇ ਬੱਚੇ, ਹਰ ਗੱਲ ਵਿੱਚ ਬੱਚਿਆਂ ਨੂੰ ਆਪਣੇ ਤੋਂ ਅੱਗੇ ਰੱਖਿਆ। ਪਰ ਕਹਿਣ ਮਾਤਰ ਨਹੀਂ, ਸ਼ੁਭਚਿੰਤਕ ਦੀ ਭਾਵਨਾ ਨਾਲ। ਉਸਨੇ ਕੀਤਾ ਤਾਂ ਵੀ ਬਾਪ ਦੀ ਸੇਵਾ, ਮੈਂ ਕੀਤਾ ਤਾਂ ਵੀ ਬਾਪ ਦੀ ਸੇਵਾ। ਮੈਂ ਅੱਗੇ ਵਧਾਂ, ਨਹੀਂ। ਦੂਸਰਿਆਂ ਨੂੰ ਅੱਗੇ ਵਧਾ ਕੇ ਅੱਗੇ ਵਧੋ। ਜਦੋਂ ਇਹ ਭਾਵਨਾ ਹਰ ਇੱਕ ਵਿੱਚ ਆਏਗੀ ਉਦੋਂ ਕਹਾਂਗੇ ਮਾਸਟਰ ਬ੍ਰਹਮਾ। ਫਿਰ ਇਵੇਂ ਕੋਈ ਨਹੀਂ ਕਹੇਗਾ ਕਿ ਅਸੀਂ ਬ੍ਰਹਮਾ ਬਾਪ ਨੂੰ ਨਹੀਂ ਦੇਖਿਆ। ਤੁਹਾਡੇ ਕਰਮ, ਤੁਹਾਡੀ ਸਥਿਤੀ ਬ੍ਰਹਮਾ ਬਾਪ ਨੂੰ ਸਪੱਸ਼ਟ ਵਿਖਾਏ।

ਸਲੋਗਨ:- ਇਕਾਗਰਤਾ ਦੇ ਦ੍ਰਿੜ੍ਹ ਸੰਕਲਪ ਨਾਲ ਸਾਗਰ ਦੇ ਤਲੇ ਵਿੱਚ ਚਲੇ ਜਾਓ ਤਾਂ ਅਨੁਭਵ ਦੇ ਹੀਰੇ ਮੋਤੀ ਪ੍ਰਾਪਤ ਹੋਣਗੇ।

******